Vidhyayana - ISSN 2454-8596
An International Multidisciplinary Peer-Reviewed E-Journal
www.vidhyayanaejournal.org
Indexed in: ROAD & Google Scholar

# ਨਾਟਕ 'ਸਈਓ ਨੀ ਮੈਂ ਅੰਤ-ਹੀਣ ਤਰਕਾਲਾਂ': ਨਾਰੀ ਮਨੋਬਿਰਤੀ

## (ਇਸਤਰੀ ਪਾਤਰ 'ਸੋਮਾ' ਦੇ ਵਿਸ਼ੇਸ਼ ਸੰਦਰਭ 'ਚ)

ਡਾ. ਅਨੀਤਾ ਰਾਣੀ

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,

ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ

ਸੁਰਜੀਤ ਪਾਤਰ ਰਚਿਤ ਨਾਟਕ 'ਸਈਓ ਨੀ ਮੈਂ ਅੰਤ-ਹੀਣ ਤਰਕਾਲਾਂ' ਵਿਚਲੇ ਪਾਤਰ ਵੱਖੋ-ਵੱਖਰੇ ਮਾਨਸਿਕ ਦਵੰਦਾਂ, ਮਨੋਦਸ਼ਾ, ਮਨੋਭਾਵਾਂ, ਗੁੰਝਲਾਂ ਅਤੇ ਵਿਭਿੰਨ ਅਵਸਥਾਵਾਂ ਅਧੀਨ ਵਿਚਰਦੇ ਹਨ। ਨਾਟਕ ਦਾ ਸਿਰਲੇਖ ਵੀ ਇਕ ਨਿਘਾਰ, ਘਟਾਅ, ਚਲਦੇ-ਚਲਦੇ ਢਹਿਣ ਵਾਲੀ ਪ੍ਰਸਥਿਤੀ ਨੂੰ ਬਿਆਨਦਾ ਹੈ। ਸਮਾਜ ਵਿਚ ਅਜਿਹੀ ਸਥਿਤੀ ਨੂੰ 'ਪਹੁੰਚ' ਵਧੇਰੇ ਕਰਕੇ ਇਕ ਔਰਤ ਨੂੰ ਪ੍ਰਾਪਤ ਹੁੰਦੀ ਹੈ। ਨਾਟਕ ਦੀ ਮੁੱਖ ਇਸਤਰੀ ਪਾਤਰ ਜੋ ਇਸਤਰੀਤਵ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਅਧੀਨ ਵਿਚਰਦੀ ਹੋਈ ਅਜਿਹੀ ਮਾਨਸਿਕਤਾ ਰਾਹੀਂ ਰੂਪਮਾਨ ਹੁੰਦੀ ਹੈ ਜੋ ਉਸਨੂੰ ਸਧਾਰਨਤਾ ਤੋਂ ਅਸਧਾਰਨਤਾ ਵੱਲ ਲੈ ਜਾਂਦੀ ਹੈ। ਆਮ ਮਨੁੱਖੀ ਮਨ ਦੇ ਅਨੁਰੂਪ ਵਿਚਰਦੀ ਹੋਈ ਅਜਿਹੀ ਮਨੋਦਸ਼ਾ ਤਕ ਅੱਪੜਦੀ ਹੈ ਜਿਥੇ ਉਹ ਬੇਵੱਸ, ਬੇਪਰਵਾਹ ਅਤੇ ਬੇਦਰਦ ਹੋ ਜਾਂਦੀ ਹੈ। ਮਾਂ ਬਣਨ ਦੀ ਅਪੂਰਨਤਾ ਦੇ ਅਹਿਸਾਸ ਵਿਚ ਗ੍ਰਸਤ ਪਾਤਰ ਮਾਨਸਿਕ ਦਵੰਦਾਂ ਦਾ ਸ਼ਿਕਾਰ ਹੋ ਜਾਂਦੀ ਹੈ।

ਇਹ ਨਾਟਕ, ਨੌਜਵਾਨ ਔਰਤ ਦੇ ਮਨ ਵਿਚ ਉੱਠਦੀਆਂ ਉਨ੍ਹਾਂ ਉਮੰਗਾਂ/ਸੱਧਰਾਂ/ਖਾਹਸ਼ਾਂ ਅਤੇ ਮਨੋਭਾਵਨਾਵਾਂ/ਮਨੋਦਸ਼ਾਵਾਂਨੂੰ ਬਿਆਨ ਕਰਦਾ ਹੈ ਜੋ ਉਸਦੇ ਨਾਰੀਤੱਵ ਨੂੰ ਸੰਪਰੂਨਤਾ ਤਕ ਪਹੁੰਚਾਉਂਦੀਆਂ ਹਨ। ਨਾਟਕ ਦੀ ਮੁੱਖ-ਪਾਤਰ 'ਸੋਮਾ' ਆਪਣੇ ਅੰਤਰਮਨ ਵਿਚ ਪਈਆਂ ਥੁੜਾਂ ਦੀ ਪੂਰਤੀ ਲਈ ਸੰਘਰਸ਼ ਕਰਦੀ ਨਜ਼ਰ ਆਉਂਦੀ ਹੈ। ਆਪਣੇ ਅਣਜਨਮੇ ਬਾਲ ਨਾਲ ਗੱਲਾਂ ਕਰਦੀ, ਆਪਣੀ ਗੋਦੀ 'ਚ ਆਪਣਾ ਬਾਲ ਖਿਡਾਉਣ ਨੂੰ ਤਰਸਦੀ ਇਕ ਖ਼ੂਬਸੂਰਤ ਜਵਾਨ ਕੁੜੀ ਸੋਮਾ ਇਸ ਨਾਟਕ ਦੀ ਨਾਇਕਾ ਹੈ। ਉਹ ਰਾਤ ਦਿਨ ਏਸੇ ਸੱਧਰ ਨਾਲ ਬਲ ਰਹੀ ਹੈ। ਮਿਲਣ ਵਾਲੀ ਹਰ ਨਾਰ ਨਾਲ ਉਹ ਏਹੀ ਗੱਲ ਕਰਦੀ ਹੈ। ਸਿਆਣੀਆਂ ਔਰਤਾਂ ਤੋਂ ਉਹ ਨੁਸਖ਼ੇ ਪੁੱਛਦੀ ਰਹਿੰਦੀ ਹੈ ਤੇ ਗਰਭਵਤੀਆਂ ਕੋਲੋਂ ਉਹ ਇਹ ਪੁੱਛਦੀ ਹੈ ਕਿ ਕਿਸ ਤਰ੍ਹਾਂ ਲਗਦਾ ਹੈ ਆਪਣੀ ਕੁੱਖ ਵਿਚ ਪਲ ਰਿਹਾ ਬਾਲ। ਉਹ ਜਾਦੂਗਰਨੀਆਂ ਕੋਲ ਟੂਣੇ ਮੰਤਰ ਲੈਣ ਜਾਂਦੀ ਹੈ, ਸੰਤਾਂ ਦੇ ਡੇਰੇ ਮੁਰਾਦ ਮੰਗਣ ਜਾਂਦੀ ਹੈ, ਪਰ ਉਸਦੀ ਕੁੱਖ ਹਰੀ ਨਹੀਂ ਹੁੰਦੀ ।ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, ਕੋਈ ਉਸ ਨੂੰ ਬਾਂਝ ਆਖਦਾ ਹੈ, ਕੋਈ ਉਸਦੇ ਪਤੀ ਜੀਵਨ ਦੀ ਸਮੱਰਥਾ ਤੇ ਸ਼ੱਕ ਕਰਦਾ ਹੈ। ਕੋਈ ਉਸਨੂੰ ਵਿਆਹ ਤੋੜਨ ਲਈ ਆਖਦਾ ਹੈ, ਕੋਈ ਚੋਰੀ ਯਾਰੀ ਕਰਨ ਲਈ। ਪਰ ਸੋਮਾ ਦੇ ਮਨ ਵਿਚ ਪਰਵਾਰ ਦੀ ਮਾਣ ਮਰਯਾਦਾ ਦਾ ਸਤਿਕਾਰ ਹੈ ਤੇ ਆਪਣੇ ਪਤੀ ਨਾਲ ਸਤਿਕਾਰ ਭਰਿਆ ਲਗਾਉ। ਪਰ ਅੰਤ ਵਿਚ ਇਕ ਸੰਤ ਦੇ ਡੇਰੇ ਤੇ ਲਾਗੇ ਪੁੰਨਿਆਂ ਦੇ ਮੇਲੇ ਤੇ ਉਹ ਆਪਣੇ ਪਤੀ ਦਾ ਕਤਲ ਕਰ ਦੇਂਦੀ ਹੈ।[1]

ਨਾਟਕ ਦੀਆਂ ਸਮੁੱਚੀਆਂ ਘਟਨਾਵਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸੋਮਾ ਬੱਚੇ ਦੀ ਅਣਹੋਂਦ ਕਾਰਨ ਮਾਨਸਿਕ ਅਤੇ ਜਿਹਨੀ ਤੌਰ 'ਤੇ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ।ਹੱਥਲ਼ੇ ਖੋਜ-ਪਰਚੇ ਦਾ ਮਕਸਦ ਸੋਮਾ-ਪਾਤਰ ਦੀਆਂ ਦਾ ਮਨੋਵਿਗਿਆਨਕ ਅਧਿਐਨ ਕਰਨਾ ਹੈ ਜਿਸਦੇ ਲਈ ਸਮੁੱਚੀ ਨਾਟ-ਕਿਰਤ ਵਿਚਲੇ ਉਸਦੇ ਵਿਵਹਾਰ/ਮਨੋਬਿਰਤੀਆਂ/ਮਨੋਦਸ਼ਾਵਾਂ ਅਤੇ ਮਾਨਸਿਕਤਾ ਨੂੰ ਸਮਝਣ ਲਈ ਮਨੋਵਿਸ਼ਲੇਸ਼ਣ ਦੇ ਘੇਰੇ ਵਿਚ ਆਉਂਦੇ ਸਿਧਾਤਾਂ ਨੂੰ ਵਿਵਹਾਰਕ ਤੌਰ 'ਤੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

'ਸੋਮਾ' ਚੇਤਨ ਪੱਧਰ 'ਤੇਇਕ ਸ਼ਿਸ਼ਟਾਚਾਰੀ ਔਰਤ ਦੇ ਰੂਪ ਵਿਚਵਿਚਰਦੀ ਹੈ, ਜੋ ਸਮਾਜਕ ਪਿਰਤਾਂ ਦੇ ਘੇਰੇ ਵਿਚ ਰਹਿ ਕੇ ਆਪਣਾ ਜੀਵਨ ਬਤੀਤ ਕਰਦੀ ਹੈ। ਉਹ ਇਸ ਗੱਲ ਪ੍ਰਤੀ ਚੇਤੰਨ ਹੈ ਕਿ ਸਮਾਜ ਵਿਚ ਇਕ ਔਰਤ ਲਈ ਪਤੀ, ਬੱਚੇ, ਪਰਿਵਾਰ ਅਤੇ ਘਰੇਲੂ ਰੁਝੇਵੇਂ ਹੀ ਉਸਦੀ ਹਸਤੀ ਲਈ ਜ਼ਰੂਰੀ ਹਨ।ਸਮਾਜ ਤੋਂ ਬਾਹਰੇ ਕੰਮ ਉਸਨੂੰ ਭਟਕਾਅ ਨਹੀਂ ਸਕਦੇ।ਇਥੇ ਸੋਮਾ ਪੂਰੀ ਤਰ੍ਹਾਂ ਚੇਤੰਨ

Vidhyayana - ISSN 2454-8596
An International Multidisciplinary Peer-Reviewed E-Journal
www.vidhyayanaejournal.org
Indexed in: ROAD & Google Scholar

ਨਜ਼ਰ ਆਉਂਦੀ ਹੈ।

> ਈਗੋ, ਵਿਅਕਤਿਤਵ ਨੂੰ ਸ਼ਿਸ਼ਟਾਚਾਰੀ, ਸਭਿਅਕ ਅਤੇ ਸਮਾਜਿਕ ਬਣਾਉਂਦਾ ਹੈ।ਇਸ ਤਰ੍ਹਾਂਇਹ ਹੀ ਚੇਤੰਨ ਬੁੱਧ ਹੈ ਜੋ ਸਾਨੂੰ ਭੌਤਿਕ ਸੰਸਾਰ ਦੀਆਂ ਅਸਲੀਅਤਾਂ ਤੋਂ ਜਾਣੂ ਕਰਵਾ ਕੇ ਉਸਦੀ ਸੀਮਾਂ ਅੰਦਰ ਰਹਿ ਕੇ ਵੱਧ ਤੋਂ ਵੱਧ ਸੰਤੁਸ਼ਟੀ ਦਾ ਮਾਰਗ-ਸਰਸ਼ਨ ਕਰਦੀ ਹੈ।[2]

ਪਤੀ ਨੂੰ ਪਿਆਰ, ਸਤਿਕਾਰ ਅਤੇ ਆਪਣਾਪਣ ਦੇਣ ਤੋਂ ਇਨਕਾਰੀ ਨਹੀਂ ਹੈ। ਉਹ ਹਰ ਸਮੇਂ ਪਤੀ ਦੀ ਸਿਹਤ ਲਈ ਚਿੰਤਾਗ੍ਰਸਤ ਰਹਿੰਦੀ ਹੈ। ਪਤੀ ਦੀ ਜ਼ਿਆਦਾ ਕੰਮ ਕਰਨ ਦੀ ਬਿਰਤੀ ਨੂੰ ਲੈ ਕੇ ਉਹ ਹਮੇਸ਼ਾ ਫ਼ਿਕਰਮੰਦ ਹੈ ਕਿਉਂਕਿ ਉਸਨੂੰ ਲੱਗਦਾ ਹੈ ਕਿ ਉਸਦਾ (ਪਤੀ ਦਾ) ਸਰੀਰ ਜ਼ਿਆਦਾ ਖੇਚਲ ਨਹੀਂ ਝੱਲ ਸਕਦਾ;

> ਸੋਮਾ: ਨਹੀਂ ਜੀ, ਤੁਸੀਂ ਦਿਨ ਰਾਤ ਏਨੀ ਜਾਨ ਮਾਰਦੇ ਓਂ, ਵਿਤੋਂ ਬਾਹਰਾ ਕੰਮ ਕਰਦੇ
>
> ਓਂ। ਤੁਹਾਡਾ ਸਰੀਰ ਏਨੀ ਖੇਚਲ ਝੱਲਣ ਜੋਗਾ ਨਹੀਂ। ਪੰਨਾ 12

ਪੂਰੇ ਨਾਟਕ ਵਿਚ ਸੋਮਾ, ਪਤੀ ਤੋਂ ਆਸਵੰਦਹੈ। ਉਹ ਮਾਂ ਬਣਨ ਦੀ ਖਾਹਿਸ਼ ਆਪਣੇ ਪਤੀ ਨਾਲ ਨਾਲ ਵਾਰ-ਵਾਰ ਸਾਂਝੀ ਕਰਦੀ ਹੈ। ਉਸਨੂੰ ਆਸ ਹੈ ਕਿ ਜੇਕਰ ਉਸਦਾ ਪਤੀ ਵੀ ਪੂਰੇ ਮਨ ਨਾਲ ਪਰਿਵਾਰ ਦੇ ਵਾਧੇ ਬਾਰੇ ਸੋਚੇਗਾ ਤਾਂ ਉਹਨਾਂ ਨੂੰ ਸੰਤਾਨ ਪ੍ਰਾਪਤ ਜ਼ਰੂਰ ਹੋਵੇਗੀ।ਉਹ ਜ਼ਹਿਨੀ ਤੌਰ ‘ਤੇ ਇਕ ਅਜਿਹੀ ਮਜ਼ਬੂਤ ਸੋਚ ਰੱਖਦੀ ਹੈ ਜੋ ਪੱਥਰਾਂ ਵਿਚੋਂ ਵੀ ਫੁੱਲ ਖਿੜਣ ਲੀ ਆਸਵੰਦ ਹੈ:

> ਸੋਮਾ: .... ਬਾਰਸ਼ ਆਪਣੇ ਵਰਸਣ ਦੇ ਜ਼ੋਰ ਨਾਲ ਹੀ ਪੱਥਰਾਂ ਨੂੰ ਨਰਮ ਕਰ ਲੈਂਦੀ ਹੈ
>
> ਤੇ ਉਨ੍ਹਾਂ ਪੱਥਰਾਂ ‘ਤੇ ਬੂਟੀ ਉੱਗ ਆਉਂਦੀ ਐ। ਪੰਨਾ 14

ਸੋਮਾ ਪਤੀ ਦੇ ਕਹਿਣ ਮੁਤਾਬਕ ਘਰ ਵਿਚ ਇੱਕਲਤਾ ਝੱਲ ਸਕਦੀ ਹੈ ਪਰ ਬੱਚੇ ਦੀ ਕਮੀ ਮਨਜ਼ੂਰ ਨਹੀਂ। ਉਸਨੂੰ ਬਾਂਝਪਨ ਤੋਂ ਛੁਟਕਾਰਾ ਚਾਹੀਦਾ ਹੈ।ਉਸ ਵਿਚ ਮਾਂ ਬਣਨ ਦੀ ਲੋਚਾ ਏਨੀ ਤੀਬਰ ਹੈ ਕਿ ਉਹਇਕ ਸੁਪਨ ਸੰਸਾਰ ਸਿਰਜੀ ਬੈਠੀ ਹੈ।ਇੱਥੇ ਸੋਮਾ ਬਾਹਰਮੁੱਖੀ ਵਿਅਕਤੀਤਵ ਤੋਂ ਉਲਟ ਅੰਤਰਮੁੱਖੀ ਵਿਅਕਤੀਤਵ ਦੀ ਪੇਸ਼ਕਾਰੀ ਕਰਦੀ ਹੈ।

ਜਦੋਂ ਕਿਸੇ ਮਨੱਖ ਨੂੰ ਆਪਣੇ ਪਰਿਵੇਸ਼ ਨਾਲ ਪ੍ਰੋਤਸਾਹਨ, ਸਹਾਨਭੂਤੀ ਤਥਾ ਆਨੰਦ ਮਿਲਦਾ ਹੈ ਤਾਂ ਉਹ ਬਾਹਰੀ ਜਗਤ ਵਿਚ ਰੁਚੀ ਲੈਂਦਾ ਹੈ...ਅਤੇ ਜਦ ਉਸਨੂੰ ਆਪਣੇ ਪਰਿਵੇਸ਼ ਨਾਲ ਅਪਮਾਨ ਮਿਲਦਾ ਹੈ,ਜਦ ਉਹ ਆਪਣੇ ਪ੍ਰਯਤਨਾਂ ਨਾਲ ਅਸਫ਼ਲ ਰਹਿੰਦਾ ਹੈ...ਉਹ ਆਪਣੇ ਵਿਚ ਸਿਮਟ ਜਾਂਦਾ ਹੈ-ਅੰਤਰਮੁੱਖੀ ਬਣ ਜਾਂਦਾ ਹੈ।[3]

ਅੰਤਰਮੁੱਖੀ ਹੋਈ, ਸੋਮਾ ਆਪਣੇ ਪੇਟ ਵਿਚ ਬੱਚੇ ਦੇ ਬੀਜ ਦਾ ਅਹਿਸਾਸ ਕਬੂਲਦੀ ਹੈ।ਪਤੀ ਵਲੋਂ ਮਿਲੀ ਬੱਚੇ ਦੀ ਨਿਰਾਸ਼ਾ ਨੂੰ ਉਹ ਆਪਣੇ ਅੰਦਰੋਂ ਹੀ ਪਾਉਣ ਦੀ ਕੋਸ਼ਿਸ਼ ਕਰਦੀ ਹੈ।ਉਹ ਘਰ ਦੇ ਨਿੱਕੇ-ਮੋਟੇ ਕੰਮ ਕਰਦੀ ਵੀ ਕਾਲਪਨਿਕ ਤੌਰ ‘ਤੇ ਆਪਣੇ ਬੱਚੇ ਨਾਲ ਗੱਲਾਂ ਕਰਦੀ ਨਜ਼ਰ ਆਉਂਦੀ

Vidhyayana - ISSN 2454-8596
An International Multidisciplinary Peer-Reviewed E-Journal
www.vidhyayanaejournal.org
Indexed in: ROAD & Google Scholar

ਤੂੰ ਗੱਲ ਸੁਣ ਮੇਰਿਆ ਬੱਚੜਿਆ, ਵੇ ਬੱਚੜਿਆ

ਕਦ ਆਉਣਾ ਏ ਮੇਰੇ ਦੇਸ ਵੇ ਪੰਨਾ 15

ਬੱਚੇ ਦੀ ਪੂਰਤੀ ਲਈ ਉਹ ਵੱਡੀ ਉਮਰ ਦੀਆਂ ਔਰਤਾਂ ਤੋਂ ਤਜ਼ਰਬੇ ਸੁਣਦੀ ਹੈ। ਸੋਮਾ ਦੇ ਭੋਲੇਪਣ ਅਤੇ ਮਾਸੂਮੀਅਤ ਕਾਰਣ ਔਰਤਾਂ ਉਸਨੂੰ ਸੰਸਕਾਰਾਂ ਤੋਂ ਬਾਹਰੀ ਸਲਾਹ ਦੇਣ ਤੋਂ ਵੀ ਗੁਰੇਜ਼ ਕਰਦੀਆਂ ਹਨ। ਸੋਮਾ ਆਪਣੀਆਂ ਸਹੇਲੀਆਂ ਅਤੇ ਭੈਣਾਂ ਨੂੰ ਬੱਚਿਆਂ ਨੂੰ ਪਾਲਦੀਆਂ ਦੇਖਦੀ ਹੈ ਤਾਂ ਉਸਦੀ ਅੰਤਰਆਤਮਾ, ਮਮਤਾ ਦੇ ਸਿਖ਼ਰ ਤਕ ਪੁੱਜੀ ਨਜ਼ਰ ਆਉਂਦੀ ਹੈ।

ਸਮਾਜਿਕ ਤੌਰ ‘ਤੇ ਉਹ ਇਕ ਸੰਪੂਰਨ ਔਰਤ ਦਾ ਜੀਵਨ ਜੀਉਣਾ ਲੋਚਦੀ ਹੈ, ਅਜਿਹਾ ਪਰਿਵਾਰ ਜਿਸ ਵਿਚ ਪਤੀ ਦਾ ਪਿਆਰ, ਬੱਚੇ ਦੀ ਹੋਂਦ, ਮਾਂ ਦੀ ਮਮਤਾ-ਜ਼ਿੰਮੇਵਾਰੀਆਂ ਆਦਿ ਹੋਣ। ਜਿਸ ਵਿਚ ਬੱਚੇ ਦਾ ਜਨਮ ਹੀ ਇਕ ਇਸਤਰੀ ਦੀ ਹੋਂਦ ਨੂੰ ਸੰਪੂਰਤਾ ਪ੍ਰਦਾਨ ਕਰਦਾ ਹੈ, ਉਸਦੀ (ਬੱਚੇ) ਅਣਹੋਂਦ ਇਕ ਔਰਤ ਦੇ ਔਰਤ ਹੋਣ ‘ਤੇ ਵੀ ਸਵਾਲੀਆ ਨਿਸ਼ਾਨ ਬਣਾਉਂਦੀ ਹੈ। ਉਹ ਸਮਾਜ ਵਿਚ ਆਪਣੇ-ਆਪ ਨੂੰ ਸਥਾਪਿਤ ਕਰਨ ਲਈ, ਆਪਣੇ ਪੇਕੇ ਪਰਿਵਾਰ ਵਾਲਾ ਸਮਾਜਿਕ ਰੁਤਬਾ ਪਾਉਣ ਲਈ ਹਰ ਯਤਨ ਕਰਨ ਨੂੰ ਤਿਆਰ ਹੈ।ਸਮਾਜ ਵਿਚ ਵਿਚਰਦੀ ਉਹ ਸਵੀਕਾਰਦੀ ਹੈ ਕਿ ਬੱਚੇ ਨੂੰ ਜਨਮ ਦੇਣ ਵਾਲੀ ਔਰਤ ਹੀ ਪੂਰੀ ਹੁੰਦੀ ਹੈ। ਔਰਤ ਦੀ ਹੋਂਦ ਹੀ ਅਜਿਹੀ ਹੈ ਜੋ ਇਕ ਨਵੀਂ ਜ਼ਿੰਦਗੀ ਪੈਦਾ ਕਰ ਸਕਦੀ ਹੈ ਅਤੇ ਬੱਚਿਆ ਨੂੰ ਪਾਲਣਾ ਹੀ ਹਰ ਔਰਤ ਦਾ ਧਰਮ ਅਤੇ ਕਰਮ ਹੈ:

ਸੋਮਾ:ਹਰ ਔਰਤ ਵਿਚ ਘੱਟ ਤੋਂ ਘੱਟ ਚਾਰ ਜਾਂ ਪੰਜ ਬੱਚਾ ਪਾਲਣ ਜੋਗਾ ਲਹੂ ਹੁੰਦਾ। ਤੇ

ਜਦੋਂ ਬੱਚੇ ਨਹੀਂ ਹੁੰਦੇ ਤਾਂ ਉਹ ਲਹੂ ਜ਼ਹਿਰ ਬਣ ਜਾਂਦਾ ਹੈ...... ਜਿਸ ਤਰ੍ਹਾਂ ਮੇਰਾ

ਬਣ ਗਿਆ। ਪੰਨਾ 20

ਸਮਾਜ ਵਿਚ ਉਸੇ ਔਰਤ ਨੂੰ ਮਾਣ-ਸਨਮਾਨ ਮਿਲਦਾ ਹੈ ਜੋ ਬੱਚਾ ਪੈਦਾ ਕਰ ਸਕੇ। ਨਾਟਕ ਵਿਚ ਕੱਪੜੇ ਧੋਂਦੀਆਂ ਔਰਤਾਂ ਵਲੋਂ ਗਾਇਆ ਗੀਤ ਵੀ ਔਰਤ ਦੇ ਖ਼ਾਲੀਪਣ ਨੂੰ ਸਵੀਕਾਰ ਨਹੀਂ ਕਰਦਾ ਤਾਂ ਸੋਮਾ ਕਿਸ ਤਰ੍ਹਾਂ ਕਰ ਲਵੇ:

ਨੀ ਬੇਰੀਆਂ ਨੂੰ ਬੇਰ ਲੱਗ ਗਏ

ਤੈਨੂੰ ਕੁਛ ਨਾ ਲੱਗਾ ਮੁਟਿਆਰੇ

ਨੀ ਬੇਰੀਆਂ ਨੂੰ ਬੇਰ ਲੱਗ ਗਏ ਪੰਨਾ 15

ਸੋਮਾ ਦੀ ਵਿਅਕਤੀਗਤ ਹੋਂਦ ਉਸਦੇ ਅੰਤਰਮਨ ਦੀ ਗਵਾਹੀ ਭਰਦੀ ਹੈ। ਉਸਦਾ ਵਿਵਹਾਰ, ਮਨੋਬਿਰਤੀ ਉਸਨੂੰ ਅਜਿਹੇ ਘੇਰੇ ਵਿਚ ਲਿਆ ਖੜ੍ਹਾ ਕਰ ਦਿੰਦਾ ਜਿੱਥੇ ਉਹ ਆਪਣੇ ਪਤੀ ਨੂੰ ਆਪਣੇ ਤੋਂ ਦੂਰ ਦੇਖਦੀ ਹੈ। ਵਿਅਕਤੀਗਤ ਤੌਰ ‘ਤੇ ਉਹ ਆਪਣੇ ਅੰਦਰ ਬੱਚੇ ਨੂੰ ਮਹਿਸੂਸ ਕਰਦੀ ਹੈ। ਜਿਸਨੂੰ ਜਨਮ ਦੇਣ ਲਈ ਉਹ ਹਰ ਤਰੀਕਾ, ਜਾਦੂ-ਟੂਣਾ ਕਰਨ, ਸਿਆਣੀ-ਸਲਾਹ ਮੰਨਣ ਨੂੰ ਤਿਆਰ ਹੈ।

Vidhyayana - ISSN 2454-8596
An International Multidisciplinary Peer-Reviewed E-Journal
www.vidhyayanaejournal.org
Indexed in: ROAD & Google Scholar

ਦੂਜੇ ਪਾਸੇ ਉਸਦਾ ਮਨ ਆਪਣੇ ਵਿਚ ਸਰਵਣ ਨੂੰ ਸਮੋਈ ਬੈਠਾ ਹੈ। ਸਰਵਣ ਜੋ ਕਿ ਸੋਮਾ ਦੇ ਪਿੰਡ ਕਿਸੇ ਰਿਸ਼ਤੇਦਾਰੀ ਕਾਰਣ ਆਇਆ ਕਰਦਾ ਸੀ। ਵਿਆਹ ਤੋਂ ਪਹਿਲਾਂ ਉਸਨੂੰ ਜੋ ਕੁਝ ਸਰਵਣ ਲਈ ਮਹਿਸੂਸ ਹੋਇਆ, ਉਹ ਅੱਜ ਤਕ ਵੀ ਆਪਣੇ ਪਤੀ ਲਈ ਮਹਿਸੂਸ ਨਹੀਂ ਕਰ ਸਕੀ। ਸੋਮਾ , ਸਰਵਣ ਦੀ ਦਿੱਖ ਅਤੇ ਜੁੱਸੇ ਤੋਂ ਪੂਰੀ ਤਰ੍ਹਾਂ ਆਕਰਸ਼ਿਤ ਹੈ। ਪਤੀ ਨੂੰ ਸਵੀਕਾਰਨਾ ਉਸਦੀ ਸਮਾਜਿਕ ਲੋੜ ਜਾਂ ਬੰਦਿਸ਼ ਹੈ ਪਰ ਸਰਵਣ ਉਸਦੇ ਅੰਤਰਮਨ ਦੀ ਅਵਾਜ਼ ਅਤੇ ਖੁੱਲ ਕੇ /ਸੰਪੂਰਨ ਹੋ ਕੇ ਜੀਉਣ ਦੀ ਤਾਂਘ ਹੈ।

> ਵਿਅਕਤੀਗਤ ਅਚੇਤਨ ਵਿਚ ਨਿੱਜੀ ਖਾਹਿਸ਼ਾਂ, ਭਾਵਨਾਵਾਂ ਦਮਨ ਹੁੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਸਮਾਜ-ਸਭਿਆਚਾਰਕ,ਆਰਥਿਕ,ਧਾਰਮਿਕ ਜਾਂ ਹੋਰ ਕਾਰਨਾਂ ਕਰਕੇ ਸੰਭਵ ਨਹੀਂ ਹੁੰਦੀ ਜਾਂ ਜੋ ਭਾਵਨਾਵਾਂ ਦੁਖਦਾਈ ਹੁੰਦੀਆਂ ਹਨ।... ਸਮੂਹਿਕ ਅਚੇਤਨ ਵਿਚ ਸਭਿਅਕ ਮਨੁੱਖੀ ਨਸਲੀ ਪਰੰਪਰਾ ਦੇ ਸਾਰੇ ਸੰਸਕਾਰ ਪਏ ਹੁੰਦੇ ਹਨ। ਇਹ ਉਹ ਭਾਗ ਹੈ ਜੋ ਸਾਡੇ ਵਿਚ ਉੱਚਤਾ-ਸੁੱਚਤਾ ਅਤੇ ਸੌਂਦਰਯ ਦੇ ਭਾਵ ਪੈਦਾ ਕਰਦਾ ਹੈ।[4]

ਸਰਵਣ ਦਾ ਜਿਸਮਾਨੀ ਅਹਿਸ਼ਾਰ, ਜੁੱਸੇ ਦੀ ਗਰਮੀ ਦਾ ਅਹਿਸਾਸ ਉਹ ਵਿਆਹ ਤੋਂ ਪਹਿਲਾਂ ਦੀ ਕਬੂਲਦੀ ਨਜ਼ਰ ਆਉਂਦੀ ਹੈ। ਇਸਦਾ ਹਵਾਲਾ ਉਦੋਂ ਮਿਲਦਾ ਹੈ ਜਦੋਂ ਨਾਟਕ ਵਿਚ ਇਕ ਔਰਤ, ਸੋਮਾ ਤੋਂ ਸਵਾਲ ਕਰਦੀ ਹੈ:

> ਔਰਤ: ਗੱਲ ਸੁਣ, ਤੂੰ ਆਪਣੇ ਘਰ ਵਾਲੇ ਤੋਂ ਖੁਸ਼ ਤਾਂ ਹੈ?
>
> ਸੋਮਾ: ਤਾਈ, ਮੈਂ ਕਦੀ ਖਿਆਲ ਨਹੀਂ ਕੀਤਾ।
>
> ਔਰਤ: ਕਦੀ ਵੀ ਨਹੀਂ?
>
> ਸੋਮਾ: ਸ਼ਾਇਦ ... ਇਕ ਵਾਰ ਸਰਵਣ......
>
> ਸੋਮਾ: ਇਹਨੇ ਮੇਰੇ ਲੱਕ ਦੁਆਲੇ ਬਾਂਹ ਵਲ ਲਈ ਤੇ ਮੇਰੇ ਮੂੰਹੋਂ ਇਕ ਵੀ ਬੋਲ ਨਾ
>
> ਨਿਕਲਿਆ, ...... ਸਰਵਣ ਬੜਾ ਨਰੋਆ ਸੀ-ਇਹਨੇ ਇਕ ਖਾਲ ਟਪਾਉਣ
>
> ਲਈ ਮੈਨੂੰ ਬਾਹਾਂ ਵਿਚ ਚੁੱਕ ਲਿਆ—। ਪੰਨਾ 24-25

ਪਤੀ ਕੋਲ ਸਿਰਫ਼ ਬੱਚੇ ਦੀ ਪੂਰਤੀ ਲਈ ਜਾਣਾ ਵੀ ਉਸਨੂੰ ਅਪੂਰਨਤਾ ਦੀ ਦਹਿਲੀਜ਼ 'ਤੇ ਖੜ੍ਹੀ ਕਰਦਾ ਹੈ,ਕਿਉਂਕਿ ਅੰਤਰਮਨ ਵਿਚ ਉਹ ਸਰਵਣ ਵਰਗੇ ਮਰਦ ਦੀ ਲੋਚਾ ਰੱਖਦੀ ਹੈ।

ਸੋਮਾ ਆਪਣੇ ਆਪ ਨੂੰ ਕਿਸੇ ਵੀ ਹਾਲਤ ਵਿਚ ਅਪੂਰਨ ਸਵੀਕਾਰ ਨਹੀਂ ਕਰ ਸਕਦੀ। ਉਸਦਾ ਅਚੇਤਨ ਮਨ ਬੱਚੇ ਦੀ ਲੋਚਾ ਲਈ ਦਿਨ ਰਾਤ ਜਦੋ-ਜਹਿਦ ਕਰ ਰਿਹਾ ਹੈ। ਉਸਦੀ ਅਪੂਰਤੀ ਨਾਲ ਉਪਜਿਆ ਵਿਕਰਾਪ ਰੂਪ ,ਉਸਦੇ ਹੱਥੋਂਪਤੀ ਦਾ ਕਤਲ਼ ਕਰਾ ਦਿੰਦਾ ਹੈ। ਇਥੇ ਨਾਲ ਹੀ ਔਰਤ ਅਤੇ ਮਰਦ ਦੀਆਂ ਭਾਵਨਾਵਾਂ ਵਿਚਲੀ ਲੜਾਈ ਵੀ ਜਾਹਿਰ ਹੁੰਦੀ ਹੈ। ਜੀਵਨ (ਸੋਮਾ ਦਾ ਪਤੀ) ਸੋਮਾ ਨੂੰ ਇਹ ਸਵੀਕਾਰ ਕਰਨ ਅਤੇ ਇਸੇ ਵਿਚ ਖੁਸ਼ ਹੋਣ ਲਈ ਕਹਿੰਦਾ ਹੈ ਕਿ ਉਹ ਕਦੇ ਵੀ ਮਾਂ-ਬਾਪ ਨਹੀਂ ਬਣ ਸਕਦੇ ਪਰ ਸੋਮਾ ਨੂੰ ਇਹ

ਮਨਜ਼ੂਰ ਨਹੀਂ। ਜਦੋਂ ਸੋਮਾ ਜਾਣਦੀ ਹੈ ਕਿ ਉਸਦੇ ਪਤੀ ਨੂੰ ਉਸਦੀ ਮਾਂ ਬਣਨ ਦੀ ਇੱਛਾ ਨਾਲ ਕੋਈ ਲੈਣਾ ਦੇਣਾ ਨਹੀਂ ਤਾਂ ਉਹ ਪਾਗਲ ਹੋ ਜਾਂਦੀ ਹੈ।ਉਸ ਸਮੇਂ ਸੋਮਾ ਨੂੰ ਪਤੀ ਦਾ ਪਿਆਰ ਵੀ ਜ਼ਹਿਰ ਲਗਦਾ ਹੈ:

ਸੋਮਾ: ਨਹੀਂ ਇਹ ਚੁੰਮਣ ਮੇਰੇ ਲਈ ਜ਼ਹਿਰ ਏ, ਜਿਸਨੂੰ ਮੇਰੀ ਕੁੱਖ ਚੋਂ ਉੱਗਣ ਵਾਲੇ

ਚੰਨ ਦਾ ਕੋਈ ਚਾਅ ਨਹੀਂ।ਨ....ਹੀਂ.... ਪੰਨਾ 79

ਸੋਮਾ ਦੇ ਮਨ ਵਿਚਲੀ ਕਸ਼ਕਮਸ਼ ਦਾ ਕਾਰਣ ਕਈ ਸਮਾਜਿਕ ਸਰੋਕਾਰਾਂ ਵੀ ਹਨ।ਜਿਹਨਾਂ ਕਾਰਨ ਉਹ ਮਾਨਸਿਕ ਤੌਰ ਭੋਗ ਰਹੀ ਹੈ।ਉਸਦੇ ਮਨ ਵਿਚ ਬੱਚੇ ਦੀ ਤਾਂਘ, ਔਰਤ ਦੇ ਅਸਤਿਤੱਵ ਦੀ ਪੂਰਤੀ ਕਰਦੀ ਹੈ ਪਰ ਇਹ ਪੂਰਤੀ ਉਸਦੇ ਪਤੀ ਦੇ ਜ਼ਿਹਨ (ਚੇਤਨ ਅਤੇ ਅਚੇਤਨ ਮਨ) ਵਿਚ ਕਿਤੇ ਨਜ਼ਰ ਨਹੀਂ ਆਉਂਦੀ।ਪਤੀ ਦੀ ਇਸੇ ਜ਼ਿਹਨੀ ਹੋਂਦ ਜਾਂ ਸਰੀਰਕ ਕਮਜ਼ੋਰੀ ਕਾਰਣ, ਸੋਮਾ ਆਪਣੇ ਆਪ ਨੂੰ ਬਲੀਦਾਨ ਨਹੀਂ ਕਰਨਾ ਚਾਹੁੰਦੀ।ਉਹ ਉਸ ਮਰਦ ਪ੍ਰਧਾਨ ਸਮਾਜ ਦੀ ਭੇਂਟਾ ਨਹੀਂ ਚੜ੍ਹਨਾ ਚਾਹੁੰਦੀ ,ਜਿਥੇ ਬੇਔਲਾਦ ਹੋਣ ਦਾ ਕਾਰਣ ਸਿਰਫ਼ ਔਰਤ ਦੇ ਮੱਥੇ ਮੜ੍ਹਿਆ ਜਾਂਦਾ ਹੈ।ਉਸਨੂੰ ਲਗਦਾ ਹੈ ਕਿ ਮਰਦਾਂ ਕੋਲ ਖੇਤ, ਪਸ਼ੂ, ਫਸਲਾਂ ਅਤੇ ਹੋਰ ਬਹੁਤ ਕੁਝ ਹੁੰਦਾ ਹੈ ਪਰ ਔਰਤਾਂ ਕੋਲ ਸਿਰਫ਼ ਬੱਚੇ ਹੁੰਦੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ।ਲੋਕਾਂ ਵਲੋਂ 'ਬਾਂਝ' ਕਹਿ ਕੇ ਚੋਟਾਂ ਕਰਨੀਆਂ ਉਸਨੂੰ ਮਨਜ਼ੂਰ ਨਹੀਂ, ਉਹ ਹਮੇਸ਼ਾ ਇਸ ਸ਼ਬਦ ਦਾ ਸਾਹਮਣਾ ਕਰਨ ਤੋਂ ਡਰਦੀ ਹੈ ਪਰ ਕਿਤੇ ਨਾ ਕਿਤੇ ਇਸਨੂੰ ਸੁਣਨ ਲਈ ਤਿਆਰ ਵੀ ਹੈ:

ਸੋਮਾ: ਹਾਂ,ਹਾਂ, ਬਾਂਝ । ਮੈਂ ਜਾਣਦੀ ਆਂ ਬਾਂਝ, ਤੈਨੂੰ ਇਹ ਲਫ਼ਜ਼ਮੇਰੇ ਮੂੰਹ 'ਤੇ ਮਾਰਨ

ਦੀ ਲੋੜ ਨਹੀਂ ।......ਜਦੋਂ ਤੋਂ ਮੇਰਾ ਵਿਆਹ ਹੋਇਆ , ਮੈਂ ਇਸ ਲਫ਼ਜ਼

ਤੋਂ ਡਰਦੀ ਆਂ। ਅੱਜ ਪਹਿਲੀ ਵਾਰ ਸੁਣ ਵੀ ਲਿਆ। ਅੱਜ ਪਹਿਲੀ ਵਾਰ

ਇਹ ਲਫ਼ਜ਼ ਕਿਸੇ ਨੇ ਮੇਰੇ ਮੂੰਹ ਤੇ ਕਿਹਾ ਹੈ। ਪਜਿਲੀ ਵਾਰ ਮੈਨੂੰ ਪਤਾ

ਲੱਗਾ ਕਿ ਇਸ ਸੱਚ ਹੈ। ਪੰਨਾ 75

ਸਮਾਜ ਦੇ ਬੰਧਨਾਂ ਅਤੇ ਪਤੀ ਦੇ ਸਤਿਕਾਰ ਕਾਰਣ ਸੋਮਾ ਪਰਾਏ ਮਰਦ ਨਾਲ ਯਾਰੀ ਪਾਉਣ ਨੂੰ ਵੀ ਸਹੀ ਨਹੀਂ ਸਮਝਦੀ। ਸਮਾਜ ਦੀ ਇਕ ਕੋਝੀ ਸੋਚ ਕਿ ਔਰਤ ਜੇਕਰ ਚਾਹੇ ਤਾਂ ਬੱਚਾਕਿਸੇ ਤਰ੍ਹਾਂ ਵੀ ਜੰਮ ਸਕਦੀ ਹੈ,ਸੋਮਾ ਇਸ ਗੱਲ ਦੀ ਵੀ ਹਾਮੀ ਨਹੀਂ ਭਰਦੀ ।ਜਦੋਂ ਬੁੱਢੀ ਔਰਤ ਸੋਮਾ ਨੂੰ ਜੋਗੀ ਦੇ ਡੇਰੇ ਆਈ ਦੇਖਦੀ ਹੈ ਤਾਂ ਉਹ, ਸੋਮਾ ਨੂੰ ਆਪਣੇ ਪੁੱਤਰ ਨਾਲ ਸਾਂਝ ਪਾਉਣ ਨੂੰ ਕਹਿੰਦੀ ਹੈ, ਸੋਮਾ ਉਦੋਂ ਵੀ ਇਸ ਕੁਕਰਮ ਲਈ ਇਨਕਾਰੀ ਹੁੰਦੀ ਹੈ:

ਸੋਮਾ: ਚੁੱਪ ਕਰ। ਮੈਂ ਏਥੇ ਏਸ ਲਈ ਨਹੀਂ ਆਈ। ਤੂੰ ਇਹ ਸੋਚ ਕਿਵੇਂ ਲਿਆ ਕਿ

ਮੈਂ ਕਿਸੇ ਓਪਰੇ ਮਰਦ ਨਾਲ ਜਾ ਸਕਦੀ ਹਾਂ। ਪੰਨਾ 75

ਜੀਵਨ ਵਿਚ ਬਦਲੀਆਂ ਪ੍ਰਸਥਿਤੀਆਂ ਕਾਰਣ ਸੋਮਾ ਦਾ ਵਿਵਹਾਰਕ ਬਦਲਾਅ ਲਾਜ਼ਮੀ ਹੈ।ਸੋਮਾ ਜਦੋਂ ਇਹ ਜਾਣਦੀ ਹੈ ਕਿ ਪਤੀ ਦਾ ਪਰਿਵਾਰਕ ਪਿਛੋਕੜ ਹੀ ਅਜਿਹਾ ਹੈ ਜੋ ਬੱਚਿਆਂ ਨੂੰ ਪੈਦਾ ਕਰਨ ਦੀ ਜਦੋ-ਜਹਿਦ ਨੂੰ ਰੂਪਮਾਨ ਕਰਦਾ ਹੈ ਤਾਂ ਉਹ ਪੂਰੀ ਤਰ੍ਹਾਂ ਸਰਾਪੀ ਹੋਈ ਮਹਿਸੂਸ ਕਰਦੀ ਹੈ। ਬੁੱਢੀ ਔਰਤ ਮੁਤਾਬਕ ਸੋਮਾ ਦੇ ਪਤੀ ਦੇ ਘਰ ਵਿਚ ਪੁੱਤ ਜੰਮਣ ਨੂੰ ਜ਼ਮੀਨ ਤੇ ਆਸਮਾਨ ਇਕ ਕਰਨੇ ਪੈਂਦੇ ਸੀ। ਹੁਣ ਸੋਮਾ ਮਾਂ ਨਾ ਬਣਨ ਦੀ ਅਪੂਰਨਤਾ ਦਾ ਅਹਿਸਾਸ ਤਨੋਂ-ਮਨੋਂ ਸਵੀਕਾਰ ਕਰਨ ਲਈ ਮਜ਼ਬੂਰ ਹੈ।ਪਤੀ, ਬਾਂਝਪਨ ਲਈ ਜ਼ਿੰਮੇਵਾਰ, ਪਤੀ ਵਲੋਂ ਸੰਤੁਸ਼ਟਤਾ ਦਾ ਭਾਵ , ਪਰਿਵਾਰਕ ਪਿਛੋਕੜ ਦਾ ਗਿਆਨ ਆਦਿ ਸੱਚ ਸੋਮਾ ਦੇ ਸੁਪਨ ਸੰਸਾਰ ਨੂੰ ਤਹਿਸ ਨਹਿਸ ਕਰ ਦਿੰਦੇ ਹਨ। ਜ਼ਿਹਨੀ ਅਤੇ ਸਰੀਰਿਕ ਤੰਦਰੁਸਤੀ ਦੇ ਬਾਵਜੂਦ ਸੋਮਾ ਦੇ ਵਿਵਹਾਰ ਵਿਚ ਬਦਲਾਅ ਆਉਂਦਾ ਹੈ, ਉਸਦਾ ਬਦਲਿਆ ਵਿਵਹਾਰ ਵਿਕਰਾਲ ਰੂਪ ਧਾਰਨ ਕਰਦਾ ਹੈ ਜਿਸਦੀ ਗ੍ਰਿਫ਼ਤ ਵਿਚ ਉਹ ਆਪਣੇ ਸੁਪਨਿਆਂ /ਉਮੰਗਾਂ ਦਾ ਕਤਲ਼ ਕਰਨ ਵਾਲੇ/ਪਤੀ ਨੂੰ ਗਲਾ ਘੋਟ ਕੇ ਮਾਰ ਦਿੰਦੀ ਹੈ।ਸੋਮਾ ਆਪਣੇ ਕੁੱਖ ਵਿਚਲੇ ਚੰਨ ਦੀ ਆਸ ਨੂੰ ਮਾਰਨ ਲਈ ਆਪਣੇ ਆਪ ਨੂੰ ਹਤਿਆਰੀ ਮੰਨਦੀ ਹੈ, ਨਾਲ ਹੀ ਉਹ ਖ਼ੁਦ ਵੀ ਮਰੀ ਹੋਈ ਮਹਿਸੂਸ ਕਰਦੀ ਹੈ।ਸੋਮਾ ਨੂੰ ਇਹ ਲੱਗਦਾ ਹੈ ਕਿ ਉਹ ਹੁਣ ਆਪਣੀਆਂ ਸੱਧਰਾਂ ਸਮੇਤ ਧਰਤੀ ਵਿਚ ਸਮਾ ਜਾਵਾਂਗੀ।

> ਸੋਮਾ: ਮੈਂ ਏਸ ਧਰਤੀ ਵਿਚ ਸਮਾ ਜਾਵਾਂਗੀ ਆਪਣੀਆਂ ਸਧਰਾਂ ਸਮੇਤ। ਮਿੱਟੀ ਵਿਚ ਨਿਸ਼ਚਿੰਤ
>
> ਉਨ੍ਹਾਂ ਨੂੰ ਬਾਹਾਂ ਵਿਚ ਲੈ ਕੇ ਸੌਂ ਜਾਵਾਂਗੀ। ਫਿਰ ਮਿੱਟੀ ਨੂੰ ਫੁੱਲਾਂ ਦਾ ਸੁਪਨਾ ਆਵੇਗਾ ਤੇ
>
> ਉਹ ਮੇਰੀ ਕਾਇਆ ਵਿੱਚੋਂ ਉੱਗ ਪੈਣਗੇ ਗੁਲਾਬ ਤੇ ਕਲੀਆਂ। ਤੇ ਮੈਂ ਮਿੱਟੀ ਵਿਚ ਰਲ਼ ਕੇ
>
> ਮਾਂ ਬਣ ਜਾਵਾਂਗੀ। ਪੰਨਾ 80

ਸੋਮਾ, ਪੂਰੇ ਨਾਟਕ ਵਿਚ ਚੇਤਨ ਅਤੇ ਅਚੇਤਨ ਰੂਪ ਵਿਚ ਹੀਣਤਾ ਭਾਵ ਵਿਚ ਗ੍ਰਸੀ ਹੋਈ ਹੈ।ਨਾਟਕ ਦੀ ਸ਼ੁਰੂਆਤ ਤੋਂ ਅੰਤ ਤਕਸੰਤਾਨ ਪ੍ਰਾਪਤੀ ਨਾ ਹੋਣ ਕਾਰਨ, ਜੋ ਸੰਤਾਪ ਜਾਂ ਲੋਕਾਂ ਦੇ ਤਾਹਨੇ ਸਹਿੰਦੀ ਹੈ, ਸੋਮਾ ਅੰਦਰਲੀ ਹੀਣ-ਭਾਵਨਾ ਦਾ ਕਾਰਨ ਬਣਦੇ ਹਨ।

> ਵਿਅਕਤਿਤਵ ਵਿਚ ਹੀਣ-ਭਾਵ ਆਪਣੀ ਪੂਰਤੀ ਲਈ ਚੇਤਨ,ਅਚੇਤਨ ਸਰੀਰਕ ਮਾਨਸਿਕ ਅਤੇ ਸਮਾਜਿਕ ਆਧਾਰ ਉੱਤੇ ਵਸੀਕਰਨ ਕਰਨ ਲਈ ਸੰਘਰਸ਼ ਕਰਦਾ ਹੈ।[5]

ਮਮਤਾ ਲਈ ਅੰਤਰਮੁੱਖੀ ਹੋਣਾ, ਸਮਾਜਿਕ ਬੰਧਨਾਂ ਵਿਚ ਬੱਜੀ ਹੋਈ, ਆਪੇ ਦੀ ਤਲਾਸ਼ ਲਈ ਭਟਕਣ, ਔਰਤ ਦੀ ਅਪੂਰਨਤਾ ‘ਤੇ ਮਰਦ ਦੀ ਸੰਤੁਸ਼ਟੀ ਦਾ ਭਾਵ, ਬਾਂਝਪਨ ਦਾ ਸਰਾਪ, ਮਾਨਸਿਕ ਦਵੰਦਾਂ ਆਦਿ ਜੀਵਨ ਦੀਆਂ ਵੱਖੋਂ-ਵੱਖ ਪ੍ਰਸਥਿਤੀਆਂ ਨਾਟਕ ਦੇ ਅੰਤ ਵਿਚ ਸੋਮਾ ਦੇ ਵਿਵਹਾਰ ਦੇ ਬਦਲਣ ਦਾ ਕਾਰਨ ਜੋ ਸੋਮਾ ਨੂੰ ਸਧਾਰਨ ਤੋਂ ਅਸਧਾਰਨਤਾ ਧਕੇਲ ਦਿੰਦੇ ਹਨ। ਨਾਟਕ ਦੀ ਸ਼ੁਰੂਆਤ ਵਿਚ ਆਸਵੰਦ ਅਤੇ ਸਕਾਰਾਤਮਕ ਬਿਰਤੀ ਵਾਲੀ ਸੋਮਾ ਨਾਟਕ ਦੇ ਅੰਤ ਵਿਚ ਕਦੀ ਵੀ ਮਾਂ ਬਣਨ ਦੀ ਅਪੂਰਨਤਾ ਦੇ ਅਹਿਸਾਸ ਵਿਚ ਗ੍ਰਸਤ ਪਾਤਰ ਬਣ ਕੇ ਰਹਿ ਜਾਂਦੀ ਹੈ।

ਹਵਾਲੇ

1. ਸੁਰਜੀਤ ਪਾਤਰ, ਸਈਓ ਨੀ ਮੈਂ ਅੰਤ-ਹੀਣ ਤਰਕਾਲਾਂ, 'ਇਹ ਨਾਟਕ', ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2002 ਪੰਨਾ 5-6.
2. ਡਾ. ਗੁਰਜੰਟ ਸਿੰਘ, ਮਨੋਵਿਸ਼ਲੇਸ਼ਣਾਤਮਕ ਸਾਹਿਤ-ਚਿੰਤਨ, ਲੋਕਗੀਤ ਪਰਕਾਸ਼ਨ, ਚੰਡੀਗੜ੍ਹ, 2005, ਪੰਨਾ 33.
3. Gardner Murphy, Historical Introducation To Modren Psychology, NEW YORK, 1973,431-32
4. ਡਾ. ਗੁਰਜੰਟ ਸਿੰਘ, ਮਨੋਵਿਸ਼ਲੇਸ਼ਣਾਤਮਕ ਸਾਹਿਤ-ਚਿੰਤਨ, ਲੋਕਗੀਤ ਪਰਕਾਸ਼ਨ, ਚੰਡੀਗੜ੍ਹ,2005, ਪੰਨਾ 45.
5. Authur's Reber, Rhianon Alllen & Emily, Penguin Dictionary Of Psychology, Penguin Reference Library,2017, pg.13.